ਮਨੁੱਖੀ ਹੱਕਾਂ ਬਾਰੇ ਕਾਨੂੰਨੀ ਸਹਾਰੇ ਦਾ ਕੇਂਦਰ
(**Human Rights Legal Support Centre**)

Centre for Equality Rights in Accommodation
Centre pour les droits à l'égalité au logement

# ਮਨੁੱਖੀ ਹੱਕਾਂ ਬਾਰੇ ਓਨਟੇਰੀਓ ਦੀ ਨਵੀਂ ਪ੍ਰਣਾਲੀ

## ਰਿਹਾਇਸ਼ ਦੇ ਮਾਮਲੇ ਵਿੱਚ
## ਆਪਣੇ ਹੱਕ ਕਿਵੇਂ ਜਤਾਈਏ

## ਓਨਟੇਰੀਓ ਦਾ ਮਨੁੱਖੀ ਹੱਕਾਂ ਬਾਰੇ ਕਾਨੂੰਨ (Human Rights Code)

ਓਨਟੇਰੀਓ ਵਿੱਚ *ਹਿਊਮਨ ਰਾਈਟਸ ਕੋਡ* ਹਰ ਵਿਅਕਤੀ ਦੇ ਹੱਕਾਂ ਬਾਰੇ ਦੱਸਦਾ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਵਿਤਕਰੇ ਤੋਂ ਹਿਫਾਜ਼ਤ ਹੋਣ ਦਾ ਹੱਕ ਸਾਡਾ ਸਭਨਾਂ ਦਾ ਹੈ।

*ਕੋਡ* ਹੇਠ ਲਿਖਿਆਂ ਸਮੇਤ ਕਈ ਖੇਤਰਾਂ ਵਿੱਚ ਤੁਹਾਨੂੰ ਵਿਤਕਰੇ ਤੋਂ ਬਚਾਉਂਦਾ ਹੈ:

- ਤੁਹਾਡੇ ਰੋਜ਼ਗਾਰ ਵਾਲੀ ਥਾਂ ਵਿਖੇ
- ਰੈਸਟੋਰੈਂਟਾ ਅਤੇ ਸਿਨੇਮਾ ਘਰਾਂ ਵਰਗੀਆਂ ਜਨਤਕ ਥਾਵਾਂ ਵਿਖੇ
- ਰੋਜ਼ਗਾਰ ਦੀ ਤਲਾਸ਼ ਵੇਲੇ
- ਕਿਰਾਏ 'ਤੇ ਅਪਾਰਟਮੈਂਟ ਦੀ ਤਲਾਸ਼ ਵੇਲੇ
- ਆਪਣੇ ਮਕਾਨ ਮਾਲਕ ਨਾਲ ਵਾਹ ਪੈਣ ਦੌਰਾਨ
- ਸਿਹਤ ਦੇਖ-ਰੇਖ ਜਾਂ ਵਿੱਦਿਅਕ ਸੇਵਾਵਾਂ ਵਰਗੀਆਂ ਸੇਵਾਵਾਂ ਵਰਗੀਆਂ ਸਰਕਾਰੀ ਸੇਵਾਵਾਂ ਵਰਤਣ ਵੇਲੇ

**ਜ਼ਰੂਰੀ ਨਹੀਂ ਕਿ ਵਿਤਕਰਾ ਜਾਣ-ਬੁੱਝ ਕੇ ਕੀਤਾ ਜਾਵੇ।** ਕੋਈ ਵਿਅਕਤੀ ਬਿਨਾ ਜਾਣੇ-ਬੁੱਝੇ ਵੀ ਤੁਹਾਡੇ ਨਾਲ ਵਿਤਕਰਾ ਕਰ ਸਕਦਾ ਹੈ।

**ਵਿਤਕਰਾ ਕਈ ਕਿਸਮ ਦਾ ਹੋ ਸਕਦਾ ਹੈ।** ਕਿਸੇ ਵੀ ਮਕਾਨ ਮਾਲਕ, ਰੋਜ਼ਗਾਰਦਾਤਾ ਜਾਂ ਸੇਵਾ ਪੇਸ਼ ਕਰਨ ਵਾਲੇ ਲਈ ਤੁਹਾਡੇ ਨਾਲ ਹੇਠ ਦੱਸੇ ਕਾਰਣਾਂ ਵਿੱਚੋਂ ਕਿਸੇ ਕਰ ਕੇ ਵੀ ਤੁਹਾਡੇ ਅਨਿਆਂਕਾਰੀ ਸਲੂਕ ਕਰਨਾ, ਤੁਹਾਨੂੰ ਕਿਸੇ ਲਾਭ ਤੋਂ ਵਾਂਝਿਆਂ ਰੱਖਣਾ ਜਾਂ ਕੋਈ ਹੋਰ ਘਾਟਾ ਪਾਉਣਾ ਕਾਨੂੰਨ ਦੇ ਖਿਲਾਫ ਹੋਵੇਗਾ:

- ਉਮਰ
- ਸਿਟੀਜ਼ਨਸ਼ਿਪ ਜਾਂ ਕਿਸ ਜਗ੍ਹਾ ਤੋਂ ਆਏ ਹੋ
- ਸ਼ਾਦੀ-ਸ਼ੁਦਾ ਜਾਂ ਟੱਬਰਦਾਰ ਹੋਣਾ ਜਾਂ ਨਾ ਹੋਣਾ
- ਮਰਦ ਜਾਂ ਔਰਤ ਹੋਣਾ, ਜਾਂ ਲਿੰਗੀ ਰੁਝਾਨ
- ਅਪਹਾਜਤਾ
- ਧਰਮ
- ਨਸਲ, ਚਮੜੀ ਦਾ ਰੰਗ, ਨਸਲੀ ਪਿਛੋਕੜ ਜਾਂ ਵੰਸ਼
- ਸਰਕਾਰੀ ਮਦਦ (ਸਿਰਫ ਰਿਹਾਇਸ਼ ਦੇ ਮਾਮਲੇ ਵਿੱਚ) ਲੈਂਦੇ ਹੋਣਾ
- ਮੁਜਰਮਾਨਾ ਲੇਖਾ (ਸਿਰਫ ਰੋਜ਼ਗਾਰ ਦੇ ਮਾਮਲੇ ਵਿੱਚ)

### ਰਿਹਾਇਸ਼ ਵਿੱਚ ਵਿਤਕਰੇ ਦੀਆਂ ਉਦਾਹਰਣਾਂ

ਉਮਰ: ਕੋਈ ਮਕਾਨ ਮਾਲਕ ਤੁਹਾਨੂੰ ਕਿਰਾਏ 'ਤੇ ਜਗ੍ਹਾ ਦੇਣ ਤੋਂ ਇਨਕਾਰ ਕਰਦਾ ਹੈ ਕਿਉਂਕਿ ਤੁਸੀਂ ਵਿਦਿਆਰਥੀ ਹੋ ਅਤੇ ਉਸ ਨੂੰ ਫਿਕਰ ਹੈ ਕਿ ਵਿਦਿਆਰਥੀ ਖੱਪ ਪਾਉਣਗੇ।

ਸਿਟੀਜ਼ਨਸ਼ਿਪ ਜਾਂ ਤੁਸੀਂ ਕਿਸ ਜਗ੍ਹਾ ਤੋਂ ਆਏ ਹੋ: ਕੋਈ ਮਕਾਨ ਮਾਲਕ ਤੁਹਾਡੀ ਦਰਖਾਸਤ 'ਤੇ ਖਾਸ ਸ਼ਰਤਾਂ ਲਾਉਂਦਾ ਹੈ ਕਿਉਂਕਿ ਤੁਸੀਂ ਨਵੇਂ ਇਮੀਗ੍ਰੈਂਟ ਹੋ। ਮਿਸਾਲ ਵਜੋਂ, ਤੁਹਾਨੂੰ ਕਿਸੇ ਜ਼ਾਮਨ ਦੇ ਦਸਤਖਤ ਕਰਵਾ ਕੇ ਲਿਆਉਣ ਲਈ ਕਹਿੰਦਾ ਹੈ।

ਟੱਬਰਦਾਰ ਹੋਣਾ ਜਾਂ ਨਾ ਹੋਣਾ: ਕੋਈ ਅਪਾਰਟਮੈਂਟ "ਸਿਰਫ ਬਾਲਗਾਂ ਲਈ" ਹੀ ਕਿਰਾਏ ਵਾਸਤੇ ਉਪਲਬਧ ਹੈ। ਇਸ ਨਾਲ ਬਾਲ-ਬੱਚੇਦਾਰਾਂ ਨਾਲ ਵਿਤਕਰਾ ਹੁੰਦਾ ਹੈ।

ਸ਼ਾਦੀ-ਸ਼ੁਦਾ ਹੋਣਾ ਜਾਂ ਨਾ ਹੋਣਾ: ਤੁਸੀਂ ਹਾਲ ਹੀ ਵਿੱਚ ਤਲਾਕ ਲੈਣ ਵਾਲੀ ਔਰਤ ਹੋ ਅਤੇ ਕੋਈ ਮਾਲਕ ਮਕਾਨ ਤੁਹਾਨੂੰ ਕਿਰਾਏ 'ਤੇ ਜਗ੍ਹਾ ਇਸ ਲਈ ਨਹੀਂ ਦੇ ਰਿਹਾ ਕਿਉਂਕਿ ਤੁਹਾਡਾ ਪੈਸੇ ਦੇ ਲੈਣ-ਦੇਣ ਦਾ ਕੋਈ ਲੇਖਾ (ਕ੍ਰੈਡਿਟ ਹਿਸਟਰੀ) ਨਹੀਂ ਹੈ।

ਮਰਦ ਜਾਂ ਔਰਤ ਹੋਣਾ: ਕੋਈ ਮਕਾਨ ਮਾਲਕ ਇਸ ਲਈ ਤੁਹਾਨੂੰ ਜਗ੍ਹਾ ਕਿਰਾਏ 'ਤੇ ਦੇਣ ਤੋਂ ਨਾਂਹ ਕਰਦਾ ਹੈ ਕਿਉਂਕਿ ਤੁਸੀਂ ਗਰਭਵਤੀ ਹੋ।

ਅਪਾਹਜਤਾ: ਕੋਈ ਮਾਲਕ ਮਕਾਨ ਤੁਹਾਡੀਆਂ ਜਿਸਮਾਨੀ ਜਾਂ ਮਾਨਸਿਕ ਸਮੱਸਿਆਵਾਂ ਦਾ ਲਿਹਾਜ਼ ਕਰਨ ਤੋਂ ਨਾਂਹ ਕਰਦਾ ਹੈ। ਮਿਸਾਲ ਵਜੋਂ, ਉਹ ਗੁਸਲਖਾਨੇ ਵਿੱਚ ਅਜਿਹਾ ਸਾਜ਼ੋ-ਸਾਮਾਨ ਲਗਾਉਣ ਤੋਂ ਨਾਂਹ ਕਰਦਾ ਹੈ ਜਿਸ ਦੀ ਲੋੜ ਤੁਹਾਨੂੰ ਵ੍ਹੀਲਚੇਅਰ ਦੀ ਵਰਤੋਂ ਕਰਦੇ ਹੋਣ ਕਾਰਣ ਪੈਂਦੀ ਹੈ।

ਸਰਕਾਰੀ ਮਾਇਕ ਮਦਦ ਲੈਂਦੇ ਹੋਣਾ: ਕੋਈ ਮਕਾਨ ਮਾਲਕ ਅਜਿਹਾ ਇਸ਼ਤਿਹਾਰ ਦਿੰਦਾ ਹੈ ਜਿਸ ਮੁਤਾਬਕ ਉਹ "ਰੋਜ਼ਗਾਰਸ਼ੁਦਾ ਲੋਕਾਂ" ਨੂੰ ਤਰਜੀਹ ਦਿੰਦਾ ਹੈ। ਵੈਲਫੇਅਰ ਲੈਣ ਵਾਲੇ ਵਿਅਕਤੀਆਂ ਦੀ ਦਰਖਾਸਤ 'ਤੇ ਉਹ ਖਾਸ ਸ਼ਰਤਾਂ ਵੀ ਲਾਉਂਦਾ ਹੈ, ਮਿਸਾਲ ਵਜੋਂ, ਜਾਂ ਤਾਂ ਕਿਰਾਇਆ ਸਿੱਧਾ ਦਿੱਤੇ ਜਾਣ ਜਾਂ ਕਿਸੇ ਕਿਸੇ ਜ਼ਾਮਨ ਦੀ ਜ਼ਾਮਨੀ ਮੰਗਦਾ ਹੈ।

**ਮਨੁੱਖੀ ਹੱਕਾਂ ਦੀ ਨਵੀਂ ਪ੍ਰਣਾਲੀ**
ਲੰਘੀ 30 ਜੂਨ 2008 ਤੋਂ ਬਾਅਦ ਓਨਟੇਰੀਓ ਦੇ ਨਿਵਸੀਆਂ ਲਈ ਵਿਤਰਕੇ ਨੂੰ ਚੁਣੌਤੀ ਦੇਣ ਦਾ ਇੱਕ ਨਵਾਂ ਰਾਹ ਖੁੱਲ੍ਹਿਆ ਹੈ। ਇਸ ਨਵੀਂ ਪ੍ਰਣਾਲੀ ਦੇ ਤਿੰਨ ਹਿੱਸੇ ਹਨ:

**ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ**

ਜੇ ਤੁਹਾਨੂੰ ਯਕੀਨ ਹੋਵੇ ਕਿ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਤਾਂ ਤੁਸੀਂ ਦਰਖਾਸਤ **ਸਿੱਧੀ** ਹਿਊਮਨ ਰਾਈਟਸ ਟ੍ਰਿਬਿਊਨਲ ਆਫ ਓਨਟੇਰੀਓ ਕੋਲ ਦਾਇਰ ਕਰ ਸਕਦੇ ਹੋ। ਫਾਰਮ ਲੈਣ ਜਾਂ ਵਧੇਰੇ ਜਾਣਕਾਰੀ ਲੈਣ ਲਈ ਹੇਠ ਲਿਖੀ ਜਾਣਕਾਰੀ 'ਤੇ ਟ੍ਰਿਬਿਊਨਲ ਨਾਲ ਸੰਪਰਕ ਕਰੋ:

**ਫ਼ੋਨ**: 416-314-1312
**ਟੌਲ-ਫ੍ਰੀ**: 1-866-598-0322
**www.hrto.on.ca**

**ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ**

ਸਰਕਾਰੀ ਪੈਸੇ ਨਾਲ ਚੱਲਣ ਵਾਲ ਇੱਕ ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਅਜਿਹੇ ਵਿਅਕਤੀਆਂ ਦੀ ਮੁਫਤ ਮਦਦ ਲਈ ਬਣਾਇਆ ਗਿਆ ਹੈ ਜੋ ਟ੍ਰਿਬਿਊਨਲ ਕੋਲ ਦਰਖਾਸਤ ਦੇਣਾ ਚਾਹੁੰਦੇ ਹੋਣ। ਮੁਫਤ ਕਾਨੂੰਨੀ ਮਦਦ ਲਈ ਸੈਂਟਰ ਨਾਲ ਸੰਪਰਕ ਕਰੋ:

**ਫ਼ੋਨ**: 416-314-6266
**ਟੌਲ-ਫ੍ਰੀ**: 1-866-625-5179
**www.hrlsc.on.ca**

**ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ**

ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਖੋਜ, ਜਨਤਕ ਵਿੱਦਿਆ ਅਤੇ ਮਨੁੱਖੀ ਹੱਕਾਂ ਦੀ ਆਮ ਵਕਾਲਤ ਰਾਹੀਂ ਮਨੁੱਖੀ ਹੱਕਾਂ ਦੀ ਹੌਸਲਾ-ਅਫਜ਼ਾਈ ਕਰਦਾ ਹੈ। ਸੰਪਰਕ ਕਰੋ:

**ਫ਼ੋਨ**: 416-326-9511
**ਟੌਲ-ਫ੍ਰੀ** 1-800 387-9080
**www.ohrc.on.ca**

## ਦਰਖਾਸਤ ਦੇਣ ਦਾ ਨਵਾਂ ਜ਼ਾਬਤਾ

**ਅਜਿਹੇ ਲੋਕ ਜਿਨ੍ਹਾਂ ਨੂੰ ਲੱਗੇ ਕਿ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਉਲੰਘਣਾ ਹੋਈ ਹੈ, ਉਨ੍ਹਾਂ ਦੀ ਮਦਦ  ਲਈ ਟ੍ਰਿਬਿਊਨਲ ਨੇ ਨਵੇਂ ਨਿਯਮ ਬਣਾਏ ਹਨ।**

ਪਹਿਲਾ ਪੜਾਅ: ਦਰਖਾਸਤ ਦਾਇਰ ਕਰਨਾ

ਵਿਤਕਰਾ ਹੋਣ ਤੋਂ **ਇੱਕ ਸਾਲ ਬਾਅਦ ਤਕ** ਤੁਸੀਂ ਦਰਖਾਸਤ ਦਾਇਰ ਕਰ ਸਕਦੇ ਹੋ।

ਤੁਸੀਂ ਆਪਣੇ ਵੱਲੋਂ ਦਰਖਾਸਤ ਦਾਇਰ ਕਰਨ ਲਈ ਕਿਸੇ ਅਦਾਰੇ ਨੂੰ ਕਹਿ ਸਕਦੇ ਹੋ।

ਤੁਹਾਡੀ ਦਰਖਾਸਤ ਵਿੱਚ ਤੁਹਾਡੀ ਹੱਡ-ਬੀਤੀ ਤੁਹਾਡੇ ਆਪਣੇ ਲਫਜ਼ਾਂ ਵਿੱਚ ਬਿਆਨ ਕੀਤੀ ਹੋਣੀ ਚਾਹੀਦੀ ਹੈ।

ਤੁਹਾਡੀ ਦਰਖਾਸਤ ਵਿੱਚ ਅਜਿਹੇ ਕਿਸੇ ਵੀ ਦਸਤਾਵੇਜ਼, ਸਮੇਤ ਸੰਭਾਵਤ ਗਵਾਹਾਂ ਦੇ ਨਾਮਾਂ ਦੇ, ਬਾਰੇ ਦੱਸਿਆ ਗਿਆ ਹੋਣਾ ਚਾਹੀਦਾ ਹੈ ਜਿਸ ਤੋਂ ਵਿਤਕਰੇ ਦਾ ਪਤਾ ਲੱਗੇ।

ਦੂਜਾ ਪੜਾਅ: ਜਵਾਬ

ਜਿਸ ਵਿਅਕਤੀ ਜਾਂ ਕੰਪਨੀ ਨੇ ਤੁਹਾਡੇ ਨਾਲ ਵਿਤਕਰਾ ਕੀਤਾ ਹੋਵੇ, ਉਨ੍ਹਾਂ ਨੂੰ ਖੁਦ ਆਪਣੇ ਲਫਜ਼ਾਂ ਵਿੱਚ ਆਪਣਾ ਜਵਾਬ ਦਾਇਰ ਕਰ ਸਕਣਗੇ।

ਤੀਜਾ ਪੜਾਅ: ਹਿਊਮਨ ਰਾਈਟਸ ਟ੍ਰਿਬਿਊਨਲ

ਟ੍ਰਿਬਿਊਨਲ ਤੁਹਾਡੇ ਨਾਲ ਹੋਏ ਵਿਤਕਰੇ ਦਾ **ਕੋਈ ਹੱਲ** ਲੱਭਣ ਵਿੱਚ ਮਦਦ ਕਰੇਗਾ।

ਇਹ ਤੁਹਾਨੂੰ **ਸਾਲਸੀ** ਦਾ ਰਾਹ ਪੇਸ਼ ਕਰੇਗਾ। ਮਨੁੱਖੀ ਹੱਕਾਂ ਦੇ ਮਾਮਲਿਆਂ ਦਾ ਇੱਕ ਮਾਹਿਰ ਤੁਹਾਨੂੰ ਮਕਾਨ ਮਾਲਕ ਜਾਂ ਰੋਜ਼ਗਾਰਦਾਤਾ ਨਾਲ ਇੱਕ ਸਮਝੌਤਾ ਕਰਨ ਵਿੱਚ ਮਦਦ ਦੀ ਕੋਸ਼ਿਸ਼ ਕਰੇਗਾ।

ਇਹ ਤੁਹਾਨੂੰ ਆਪਣੀ ਹੱਡ-ਬੀਤੀ ਬਿਆਨ ਕਰਨ ਲਈ ਇੱਕ **ਸੁਣਵਾਈ** 'ਤੇ ਹਾਜ਼ਰ ਹੋਣ ਲਈ ਵੀ ਆਖ ਸਕਦਾ ਹੈ।

ਚੌਥਾ ਪੜਾਅ: ਟ੍ਰਿਬਿਊਨਲ ਦਾ ਫੈਸਲਾ

ਜੇ ਸਾਲਸੀ ਦਾ ਕੋਈ ਫਾਇਦਾ ਨਾ ਹੋਵੇ ਤਾਂ ਸੁਣਵਾਈ ਹੋਵੇਗੀ। ਸਾਲਸੀ ਜਾਂ ਸੁਣਵਾਈ ਵਿੱਚੋਂ ਕਿਸੇ ਇੱਕ ਦੇ ਨਤੀਜੇ ਵਜੋਂ ਜੇ ਟ੍ਰਿਬਿਊਨਲ ਫੈਸਲਾ ਕਰਦਾ ਹੈ ਕਿ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤੁਹਾਨੂੰ ਹੱਕ ਵਿੱਚ ਹੇਠ ਲਿਖਿਆਂ ਵਿੱਚੋਂ ਕੋਈ ਫੈਸਲਾ ਕੀਤਾ ਜਾ ਸਕਦਾ ਹੈ:

ਤੁਹਾਡੇ ਨਾਲ ਹੋਏ ਵਿਤਕਰੇ ਵੱਜੋਂ ਮੁਆਵਜ਼ੇ ਵਜੋਂ ਤੁਹਾਨੂੰ ਧਨ ਦੀ ਅਦਾਇਗੀ

ਤੁਹਾਨੂੰ ਹੋਏ ਮਾਇਕ ਨੁਕਸਾਨ, ਜਿਵੇਂ ਨਾਵਾਜਬ ਤੌਰ 'ਤੇ ਵਧਾਏ ਗਏ ਕਿਰਾਏ ਬਦਲੇ "ਖਾਸ ਹਰਜ਼" ਦੇ ਤੌਰ 'ਤੇ ਮਾਇਕ ਮੁਆਵਜ਼ਾ

ਟ੍ਰਿਬਿਊਨਲ ਵੱਲੋਂ ਇੱਕ ਹੁਕਮ ਕਿ ਮਕਾਨ ਮਾਲਕ ਨੂੰ ਵਿਤਕਰੇ ਦੇ ਖਿਲਾਫ ਸਿਖਾਈ ਦਾ ਇੰਤਜ਼ਾਮ ਕਰਨਾ ਪਵੇਗਾ

ਟ੍ਰਿਬਿਊਨਲ ਵੱਲੋਂ ਇਹ ਗੱਲ ਪੱਕੀ ਕਰਨ ਲਈ ਇੱਕ ਹੁਕਮ ਕਿ ਵਿਤਕਰਾ ਕਰਨ ਵਾਲਾ ਵਿਅਕਤੀ ਭਵਿੱਖ ਵਿੱਚ ਕਾਨੂੰਨ ਨਹੀਂ ਤੋੜੇਗਾ।

ਵਿੱਤੀ ਮੁਆਵਜ਼ਾ

ਨਵੀਂ ਪ੍ਰਣਾਲੀ ਪਹਿਲਾਂ ਦੇ ਮੁਕਾਬਲੇ **ਜ਼ਿਆਦਾ ਵਿੱਤੀ ਮੁਆਵਜ਼ਾ** ਦਿੱਤਾ ਜਾਣਾ ਵੀ ਸੰਭਵ ਬਣਾਉਂਦੀ ਹੈ।

ਇਸ ਵਿੱਚ ਕਿੰਨਾ ਕੁ ਵਕਤ ਲੱਗਦਾ ਹੈ?

ਟ੍ਰਿਬਿਊਨਲ ਨੂੰ ਤੁਹਾਡੇ ਮਾਮਲੇ ਦਾ ਫੈਸਲਾ ਕਰਨ ਵਿੱਚ **ਇੱਕ ਸਾਲ ਤੋਂ ਘੱਟ** ਸਮਾਂ ਲੱਗਣਾ ਚਾਹੀਦਾ ਹੈ। ਪਰ ਸਾਲਸੀ ਰਾਹੀਂ ਤੁਹਾਡੇ ਵੱਲੋਂ ਇਸ ਨੂੰ ਤੇਜ਼ੀ ਨਾਲ ਸੁਲਝਾਉਣ ਦੀ ਗੁੰਜਾਇਜ਼ ਹੋ ਸਕਦੀ ਹੈ।

## ਸੀ.ਈ.ਆਰ.ਏ. (CERA) ਅਤੇ ਐੱਚ.ਆਰ.ਐੱਲ.ਐੱਸ.ਸੀ. (HRLSC) ਮਦਦ ਕਰ ਸਕਦੇ ਹਨ।

ਜੇ ਤੁਹਾਨੂੰ **ਮਕਾਨ ਲੱਭਣ ਜਾਂ ਰੱਖੀ ਰੱਖਣ** ਵਿੱਚ ਵਿਤਕਰੇ ਦਾ ਸਾਮ੍ਹਣਾ ਕਰਨਾ ਪਿਆ ਹੈ, ਤਾਂ ਸੈਂਟਰ ਫਾਰ ਇਕੁਐਲਿਟੀ ਰਾਈਟਸ ਇਨ ਐਕੋਮੋਡੇਸ਼ਨ (ਸੀ.ਈ.ਆਰ.ਏ.) ਮਦਦ ਕਰ ਸਕਦਾ ਹੈ। ਐੱਚ.ਆਰ.ਐੱਲ.ਐੱਸ.ਸੀ. ਮਨੁੱਖੀ ਹੱਕਾਂ ਦੇ ਸਾਰੇ ਹੀ ਮਾਮਲਿਆਂ ਵਿੱਚ ਮਦਦ ਕਰ ਸਕਦਾ ਹੈ।

ਸੀ.ਈ.ਆਰ.ਏ. ਹੇਠ ਲਿਖੀ ਮਦਦ ਕਰ ਸਕਦਾ ਹੈ:

- ਕਾਨੂੰਨੀ ਹੱਕਾਂ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਅਤੇ ਤੁਹਾਡੇ ਸਾਮ੍ਹਣੇ ਮੌਜੂਦ ਰਾਹਾਂ ਬਾਰੇ ਵਿਚਾਰ ਕਰ ਸਕਦਾ ਹੈ
- ਤੁਹਾਨੂੰ ਵਿੱਦਿਅਕ ਸਮੱਗਰੀ ਮੁਹੱਈਆ ਕਰ ਸਕਦਾ ਹੈ
- ਤੁਹਾਡੇ ਫਿਕਰਾਂ ਬਾਰੇ ਮਕਾਨ ਮਾਲਕ ਨਾਲ ਗੱਲ ਕਰ ਸਕਦਾ ਹੈ ਅਤੇ ਕਿਸੇ ਹੱਲ ਲਈ ਸੌਦੇਬਾਜ਼ੀ ਕਰ ਸਕਦਾ ਹੈ
- ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਦਰਖਾਸਤ ਦਾਇਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ

1-800-263-1139 ਐਕਸਟੈਂਸ਼ਨ 22
**ਸਾਡੀਆਂ ਸਾਰੀਆਂ ਸੇਵਾਵਾਂ ਮੁਫ਼ਤ ਉਪਲਬਧ ਹਨ**
**ਇਹ ਤੁਹਾਡਾ ਘਰ ਹੈ।**
**ਆਪਣੇ ਹੱਕਾਂ ਦੀ**
**ਹਿਫਾਜ਼ਤ ਕਰੋ!**
**ਵਿਤਕਰਾ ਖਤਮ ਕਰਨ ਦਾ ਇਹ ਇੱਕੋ-ਇੱਕ ਤਰੀਕਾ ਹੈ।**

*ਸੈਂਟਰ ਫਾਰ ਇਕੁਐਲਿਟੀ ਰਾਈਟਸ ਇਨ ਐਕੱਮੋਡੇਸ਼ਨ ਨੂੰ 1987 ਵਿੱਚ ਸਥਾਪਿਤ ਕੀਤਾ ਗਿਆ ਸੀ। ਇਹ ਇੱਕ ਪਰਉਪਕਾਰੀ, ਗ਼ੈਰ-ਸਰਕਾਰੀ ਅਦਾਰਾ ਹੈ ਜਿਹੜਾ ਰਿਹਾਇਸ਼ ਦੇ ਮਾਮਲੇ ਵਿੱਚ ਮਨੁੱਖੀ ਹੱਕਾਂ ਦੀ ਹੌਸਲਾ-ਅਫਜ਼ਾਈ ਕਰਦਾ ਹੈ।*

*ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ*
*ਨੇ ਓਨਟੇਰੀਓ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਆਪਣੀਆਂ ਦਰਖਾਸਤਾਂ ਦਾਇਰ ਕਰਨ ਵਾਲੇ ਵਿਅਕਤੀਆਂ ਨੂੰ ਮੁਫਤ ਕਾਨੂੰਨੀ ਸੇਵਾਵਾਂ ਪੇਸ਼ ਕਰਨ ਲਈ 30 ਜੂਨ 2008 ਨੂੰ ਆਪਣੇ ਬੂਹੇ ਖੋਲ੍ਹੇ ਸਨ।*


ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ
**400 University Avenue, 7th Floor**
**Toronto Ontario M7A 1X8**
1-866-625-5179
ਟੋਰੰਟੋ ਵਿੱਚ: 416-314-6266
ਟੀ.ਟੀ.ਵਾਈ. 416-314-6651
ਟੀ.ਟੀ.ਵਾਈ. ਟੌਲ-ਫ੍ਰੀ 1-866-612-8627

ਸੈਂਟਰ ਫ਼ਾਰ ਇਕੁਐਲਿਟੀ ਰਾਈਟਸ ਇਨ ਐਕੱਮੋਡੇਸ਼ਨ
ਟੋਰੰਟੋ ਦਫ਼ਤਰ:
**340 College Street**
**Unit 101A, Box 23**
**Toronto, Ontario M5T 3A9**
ਫ਼ੋਨ: 416-944-0087
ਟੌਲ-ਫ੍ਰੀ: 1-800-263-1139

ਔਟਵਾ ਦਫ਼ਤਰ:
**200 Maclaren Street, 2nd floor**
**Ottawa, Ontario**
**K2P 0L6**

ਫ਼ੈਕਸ: 416-944-1803
ਈਮੇਲ: cera@equalityrights.org
ਵੈੱਬਸਾਈਟ: www.equalityrights.org